LMCE/255

ਪੰਜਾਬ ਸਰਕਾਰ
ਉਚੇਰੀ ਸਿੱਖਿਆ ਵਿਭਾਗ
(ਸਿੱਖਿਆ-1 ਸ਼ਾਖਾ)

ਸੇਵਾ ਵਿਖੇ

ਡਾਇਰੈਕਟਰ ਸਿੱਖਿਆ ਵਿਭਾਗ(ਕ),
ਪੰਜਾਬ,ਚੰਡੀਗੜ੍ਹ।

ਮੀਮੋ ਨੰ: 12/11/04-6ਸਿ1/
ਮਿਤੀ,ਚੰਡੀਗੜ੍ਹ:

ਵਿਸ਼ਾ:- ਸੈਸ਼ਨ 2010 -11 ਦੌਰਾਨ ਪ੍ਰਾਈਵੇਟ ਸੈਲਫ ਫਾਇਨਾਂਸਡ ਬੀ.ਐੱਡ ਕਾਲਜਾਂ ਵਿੱਚ ਬੀ.ਐੱਡ ਕੋਰਸ ਵਿਚ ਦਾਖਲੇ ਸਬੰਧੀ ਫੀਸ ਨਿਰਧਾਰਤ ਕਰਨ ਬਾਰੇ।

******

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ: 28/1-10 ਕਾ.ਐਜੂ (2)/3699, ਮਿਤੀ 15-9-10 ਦੇ ਹਵਾਲੇ ਵਿਚ।

2. ਬੀ.ਐੱਡ ਕੋਰਸ ਲਈ ਪ੍ਰਾਈਵੇਟ ਸੈਲਫ ਫਾਇਨਾਂਸਡ ਬੀ.ਐੱਡ ਕਾਲਜਾਂ ਵਿਚ ਸੈਸ਼ਨ 2010-11 ਤੋਂ ਕੁੱਲ ਸਾਲਾਨਾ ਫੀਸ ਕੇਵਲ 40,000/-ਰੁਪਏ (ਕੇਵਲ ਚਾਲੀ ਹਜਾਰ ਰੁਪਏ ) ਨਿਸਚਿਤ ਕੀਤੀ ਜਾਂਦੀ ਹੈ ਜੋ ਹੇਠ ਲਿਖੀਆਂ ਸ਼ਰਤਾਂ ਅਧੀਨ ਹੋਵੇਗੀ :-

ੳ) ਕੁੱਲ ਚਾਰਜ ਕੀਤੀ ਜਾਣ ਵਾਲੀ ਫੀਸ ਵਿਚੋਂ 10750/-ਰੁਪਏ ਸਾਲਾਨਾ ਪ੍ਰਤੀ ਵਿਦਿਆਰਥੀ ਟਿਊਸ਼ਨ ਫੀਸ ਦੇ ਤੌਰ ਤੇ ਮੰਨਿਆ ਜਾਵੇਗਾ । ਟਿਊਸ਼ਨ ਫੀਸ ਅਤੇ ਐਡੀਸ਼ਨਲ ਸਟਾਫ ਐਕਟੀਵਿਟੀ ਫੰਡ ਦੋਨੋਂ ਇਸ ਵਿਚ ਸ਼ਾਮਲ ਹੋਣਗੇ।

ਅ) ਕੁੱਲ ਫੀਸ ਵਿਚ ਯੂਨੀਵਰਸਿਟੀਦੇ ਸਾਰੇ ਖਰਚੇ ਸ਼ਾਮਿਲ ਹੋਣਗੇ ਪ੍ਰੰਤੂ ਸਾਲਾਨਾ ਪ੍ਰੀਖਿਆ ਫਾਰਮ ਅਤੇ ਪ੍ਰੀਖਿਆ/ ਪ੍ਰੈਕਟੀਕਲ ਫੀਸ ਵੱਖਰੀ ਹੋਵੇਗੀ।

ੲ) ਵਿਦਿਆਰਥੀਆਂ ਪਾਸੋਂ ਲਾਇਬਰੇਰੀ ਦੀ ਮੋੜਨਯੋਗ ਸਕਿਉਰਟੀ 500.00 ਰੁਪਏ ਤੋਂ ਕਿਸੇ ਰੂਪ ਵਿਚ ਵੀ ਵੱਧ ਨਹੀਂ ਹੋਵੇਗੀ ਅਤੇ ਸ਼ਨਾਖਤੀ ਕਾਰਡ ਲਈ ਵੱਖਰੀ ਰਕਮ ਚਾਰਜ ਨਹੀਂ ਕੀਤੀ ਜਾਵੇਗੀ।

ਸ) ਵਿਦਿਆਰਥੀਆਂ ਪਾਸੋਂ ਨਿਰਧਾਰਤ ਫੀਸ ਤੋਂ ਇਲਾਵਾ ਕੋਈ ਫੀਸ ਫੰਡ (ਕੰਪਿਊਟਰ ਫੀਸ ਸਮੇਤ) ਚਾਰਜ ਨਹੀਂ ਕੀਤਾ ਜਾਵੇਗਾ। ਫੰਡਾਂ ਦੀ break-up ਹੇਠ ਲਿਖੇ ਅਨੁਸਾਰ ਹੋਵੇਗੀ ਜੋ ਕਿ ਕੁੱਲ ਚਾਰਜ ਕੀਤੀ ਜਾਣਵਾਲੀ ਫੀਸ ਦਾ ਹੀ ਭਾਗ ਹੋਵੇਗਾ। ਇਸ

ਸਬੰਧੀ ਕਾਲਜ ਵਲੋਂ ਵਖਰੇ ਖਾਤੇ ਰੱਖੇ ਜਾਣਗੇ, ਜੋ ਕਿ ਕਿਸੇ ਸਮੇਂ ਵੀ ਆਡਿਟ ਯੋਗ ਹੋਣਗੇ:-

| | | |
|---|---|---|
| 1. | Amalgamated Fund | Rs. 300.00 per annum |
| 2. | Practical Work Experience, Seminars, Computers , Student Activities , Excursions. | Rs. 400.00 per annum |
| 3. | Magazine | Rs. 150.00 per annum |
| 4. | Student Aid | Rs. 25.00 per annum |
| 5. | Red Cross | Rs. 10 .00 per annum |
| 6. | Idenity Card | Rs. 15.00 per annum |
| 7. | House Exams. | Rs. 75 .00 per annum |
| 8. | Library Development | Rs. 80.00 per annum |
| | Total | Rs . 1055.00 per annum |

ਵਿਦਿਆਰਥੀਆਂ ਪਾਸੋਂ ਗੈਰ ਹਾਜਰੀ ਦੇ ਕਾਰਨ ਕੋਈ ਜੁਰਮਾਨਾ ਜਾਂ ਵਾਧੂ ਫੀਸ ਕਿਸੇ ਰੂਪ ਵਿਚ ਨਹੀਂ ਲਈ ਜਾਵੇਗੀ।

ਕ) ਵਿਦਿਆਰਥੀਆਂ ਪਾਸੋਂ ਚਾਰਜ ਕੀਤੀ ਜਾਣ ਵਾਲੀ ਫੀਸ ਦੋ ਬਰਾਬਰ ਕਿਸ਼ਤਾਂ ਵਿਚ ਹੋਵੇਗੀ ਅਤੇ ਫੀਸ ਦੀ ਦੂਸਰੀ ਕਿਸ਼ਤ ਦਸੰਬਰ ਮਹੀਨੇ ਵਿਚ ਚਾਰਜ ਕੀਤੀ ਜਾਵੇਗੀ।

ਖ) ਚਾਰਜ ਕੀਤੀ ਜਾਣ ਵਾਲੀ ਨਿਰਧਾਰਤ ਫੀਸ ਵਿਚ ਮੋੜਨਯੋਗ ਸਕਿਉਰਟੀ ਅਤੇ ਹੋਸਟਲ ਆਦਿ ਦੇ ਖਰਚੇ ਸ਼ਾਮਿਲ ਨਹੀਂ ਹੋਣਗੇ।

ਗ) ਕੌਂਸਲਿੰਗ ਕਰ ਰਹੀ ਯੂਨੀਵਰਸਿਟੀ /ਸੰਸਥਾ ਇਸ ਸਬੰਧ ਵਿਚ ਦਾਖਲੇ ਲੈਣ ਵਾਲੇ ਵਿਦਿਆਰਥੀਆਂ ਨੂੰ ਫੀਸਾਂ ਸਬੰਧੀ ਪੂਰੀ ਜਾਣਕਾਰੀ ਦੇਵੇਗੀ ਅਤੇ ਲਿਖਤੀ ਰੂਪ ਵਿਚ ਹਦਾਇਤਾਂ ਜਾਰੀ ਕਰੇਗੀ, ਜਿਨ੍ਹਾਂ ਸਬੰਧੀ ਸਬੰਧਤ ਕਾਲਜ ਦੀ ਮੈਨੇਜਮੈਂਟ ਅਤੇ ਪ੍ਰਿੰਸੀਪਲ ਪਾਸੋਂ ਕੌਂਸਲਿੰਗ ਤੋਂ ਪਹਿਲਾਂ ਹਸਤਾਖਰਾਂ ਰਾਹੀਂ ਇਸ ਸਬੰਧ ਵਿਚ ਨੋਟ ਕਰਵਾਇਆ ਜਾਵੇਗਾ।

ਫੀਸਾਂ ਸਬੰਧੀ ਉਕਤ ਦਰਸਾਇਆ ਗਿਆ ਸਪਸ਼ਟੀਕਰਨ ਬੀ.ਐੱਡ ਕੋਰਸ ਲਈ ਲਾਗੂ ਹੋਵੇਗਾ। ਇਹ ਫੈਸਲਾ ਸੈਸ਼ਨ 2010-11 ਤੋਂ ਲਾਗੂ ਹੋਵੇਗਾ। ਫੀਸਾਂ/ਫੰਡਾਂ ਦੀ ਬਰੇਕ-ਅਪ ਉਕਤ ਅਨੁਸਾਰ ਹੋਵੇਗੀ.

3. ਲਿਖਿਆ ਜਾਂਦਾ ਹੈ ਕਿ ਉਪਰੋਕਤ ਸਬੰਧੀ ਸਮੂਹ ਯੂਨੀਵਰਸਿਟੀਆਂ ਅਤੇ ਸਬੰਧਤ ਕਾਲਜਾਂ ਨੂੰ ਜਾਣੂ ਕਰਵਾ ਦਿੱਤਾ ਜਾਵੇ।

ਸਹੀ/-

ਵਿਸ਼ੇਸ਼ ਸਕੱਤਰ ਉਚੇਰੀ ਸਿੱਖਿਆ

ਪਿੱਠ ਅੰਕਣ ਨੰ: 12/11/04-6ਸਿ1/2845-86 ਮਿਤੀ, ਚੰਡੀਗੜ੍ਹ 7\10\2010

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਰਜਿਸਟਰਾਰ , ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

2) ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

3) ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਵਿਸ਼ੇਸ਼ ਸਕੱਤਰ ਉਚੇਰੀ ਸਿੱਖਿਆ

## ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ

(ਕਾਲਜ ਸੈਕਸ਼ਨ)

ਪਿੱਠ ਅੰਕਣ ਨੰਬਰ 16737-16818/ਕਾਲਜਾਂ/ਜੀ.ਸੀ.5 ਮਿਤੀ 7/12/10/2010

ਉਪਰੋਕਤ ਦਾ ਉਤਾਰਾ ਯੂਨੀਵਰਸਿਟੀ ਨਾਲ ਸਬੰਧਤ ਪ੍ਰਾਈਵੇਟ ਸੈਲਫ ਫਾਈਨਾਂਸਡ ਬੀ.ਐਡ ਕਾਲਜਾਂ ਦੇ ਪ੍ਰਿੰਸੀਪਲ [illegible]